# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ
# ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਸਿੱਖਿਆ ਭਵਨ, ਈ ਬਲਾਕ,ਪੰਜਵੀਂ ਮੰਜ਼ਿਲ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਫ਼ੋਨ ਨੰ:172-5212319
ਈ-ਮੇਲ: ictadmin@punjabeducation.gov.in

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),
ਪੰਜਾਬ।

ਪੱਤਰ ਨੰ: 5/6-ICT-2018/Leaves/ 3135
ਮਿਤੀ: 06.03.2018

ਵਿਸ਼ਾ:- ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ ਅਧੀਨ ਕੰਮ ਕਰ ਰਹੇ ਸਟਾਫ ਦੀਆਂ ਛੁੱਟੀਆਂ ਸਬੰਧੀ ।

ਹਵਾਲਾ:- ਇਸ ਦਫਤਰ ਵੱਲੋਂ ਪੱਤਰ ਨੰ. 5/6-ICT-2017-18/Leaves/9926, ਮਿਤੀ 15/9/2017, ਹੁਕਮ ਨੰ.5/6-ICT-2017/Leav/LWP/11621, ਮਿਤੀ 24.10.2017 ਹੁਕਮ ਨੰ. 5/6-ICT-2017/Leave/LWP/12073 ਅਨੁਸਾਰ ਪੱਤਰ ਜਾਰੀ ਪੱਤਰਾਂ ਦੀ ਲਗਾਤਾਰਤਾ ਵਿੱਚ :-

| ਲੜੀ ਨੰ | ਛੁੱਟੀ ਦੀ ਕਿਸਮ | ਛੁੱਟੀਆਂ ਦਾ ਸਮਾਂ | ਛੁੱਟੀਆਂ ਨੂੰ ਮੰਜੂਰ ਕਰਨ ਲਈ ਸਮਰੱਥ ਅਧਿਕਾਰੀ |
|---|---|---|---|
| 1. | ਅਚਨਚੇਤ ਛੁੱਟੀ | **Female employees:** 20 days per year<br>**Male employees:**<br>(a)10 days per year upto service of 10 yrs<br>(b) 15 days per year upto service of 10-20 yrs<br>(c)20 days per year after completion of service of 20 yrs | ਅਧਿਆਪਕ/ਕਰਮਚਾਰੀ ਨਾ-ਟਲਣਯੋਗ ਹਲਾਤਾਂ ਵਿੱਚ ਇੱਕ ਮਹੀਨੇ ਵਿੱਚ 3 ਤੋਂ ਵੱਧ ਅਚਨਚੇਤ ਛੁੱਟੀਆਂ ਲੈ ਸਕਦਾ ਹੈ।<br>ਇਹ ਅਚਨਚੇਤ ਛੁੱਟੀਆਂ ਸਬੰਧਤ ਸਕੂਲ ਮੁੱਖੀ ਵੱਲੋਂ ਹੀ ਪ੍ਰਵਾਨ ਕੀਤੀਆਂ ਜਾਣਗੀਆਂ। |
| 2. | ਕਮਾਈ ਛੁੱਟੀ | **For Teaching Staff:** 8 Days/Year, the leave will lapse at the end of every year and not entitled for encashment.<br>**For Non-Teaching Staff:**<br>Leave is earned at the rate of 1/24th of the period spent on duty, during the first 10 years of his service, 1/18th of the period spent on duty during the next 10 years of his service; and 1/12th of the period spent on duty, thereafter. The leave will lapse at the end of every year and not entitiled for encashment. | ਅਧਿਆਪਕ/ਕਰਮਚਾਰੀ ਦੀ ਸਰਵਿਸ ਬੁੱਕ ਨੂੰ ਜਿੱਥੇ ਮੈਨਟੇਨ ਕੀਤਾ ਜਾਂਦਾ ਹੈ, ਕਮਾਈ ਛੁੱਟੀ ਉਹਨਾਂ ਵੱਲੋਂ ਪ੍ਰਵਾਨ ਕੀਤੀ ਜਾਵੇਗੀ।<br>ਅਧਿਆਪਕ/ਕਰਮਚਾਰੀ ਆਪਣੀ ਬਣਦੀ ਅੱਧੀ ਕਮਾਈ ਛੁੱਟੀ ਪਹਿਲੇ ਛੇ ਮਹੀਨੇ (ਜਨਵਰੀ ਤੋਂ ਜੂਨ) ਤੱਕ ਅਤੇ ਬਾਕੀ ਬਣਦੀ ਕਮਾਈ ਛੁੱਟੀਆਂ ਅਗਲੇ ਛੇ ਮਹੀਨੇ (ਜੁਲਾਈ ਤੋਂ ਦਸੰਬਰ) ਤੱਕ ਲੈ ਸਕਦਾ ਹੈ। ਜੇਕਰ ਅਧਿਆਪਕ/ਕਰਮਚਾਰੀ ਵੱਲੋਂ ਆਪਣੀ ਬਣਦੀ ਕਮਾਈ ਛੁੱਟੀਆਂ ਵਿੱਚੋਂ ਸਾਰੀਆਂ ਜਾਂ ਕੁੱਝ ਛੁੱਟੀਆਂ ਪਹਿਲੇ ਛੇ ਮਹੀਨੇ ਵਿੱਚ ਨਹੀਂ ਲਈਆਂ ਜਾਂਦੀਆਂ ਹਨ ਤਾਂ ਇਹ ਛੁੱਟੀਆਂ ਅਗਲੇਂ ਬਾਕੀ ਰਹਿੰਦੇ ਛੇ ਮਹੀਨੇ (ਜੁਲਾਈ ਤੋਂ ਦਸੰਬਰ) ਵਿੱਚ ਲਈਆਂ ਜਾ ਸਕਦੀਆਂ ਹਨ।<br>ਜੇਕਰ ਕੋਈ ਕਰਮਚਾਰੀ ਆਪਣੀ ਬਣਦੀਆਂ ਕਮਾਈ ਛੁੱਟੀਆਂ ਵਿੱਚੋਂ ਪਹਿਲੀ ਛਿਮਾਹੀ ਜਾਂ ਦੂਜੀ ਛਿਮਾਹੀ ਦੇ ਸੁਰੂ ਵਿੱਚ ਹੀ ਪੂਰੀ ਕਮਾਈ ਛੁੱਟੀ ਲੈਣ ਉਪਰੰਤ ਨਿਯੁਕਤੀ ਪੱਤਰ ਦੀਆਂ ਸ਼ਰਤਾਂ ਅਨੁਸਾਰ ਅਸਤੀਫਾ ਦੇ ਦਿੰਦਾ ਹੈ ਤਾਂ ਉਸ ਵੱਲੋਂ ਛਿਮਾਹੀ ਦੌਰਾਨ ਲਈਆਂ ਗਈਆਂ ਕਮਾਈ ਛੁੱਟੀਆਂ ਦੀ ਤਨਖਾਹ ਉਨੇ ਦਿਨਾਂ ਦੀ ਹੀ ਮਿਲੇਗੀ ਜਿੰਨੀਆਂ ਛੁੱਟੀਆਂ ਕੰਮ ਕੀਤੇ ਦਿਨਾਂ ਦੇ ਹਿਸਾਬ ਨਾਲ ਦੀਆਂ ਬਣਦੀਆਂ ਹੋਣਗੀਆਂ, ਵਾਧੂ ਲਈਆਂ ਕਮਾਈ ਛੁੱਟੀਆਂ ਦੀ ਤਨਖਾਹ ਕੱਟ ਲਈ ਜਾਵੇਗੀ। |

ਨੋਟ: ਇਹ ਆਮ ਦੇਖਣ ਵਿੱਚ ਆਇਆ ਹੈ ਕਿ ਕੰਪਿਊਟਰ ਫੈਕਲਟੀਆਂ ਦੀਆਂ ਵਿਦੇਸ਼ ਜਾਣ ਲਈ ਛੁੱਟੀਆਂ ਸਬੰਧੀ ਪੱਤਰ ਸਬੰਧਤ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਵੱਲੋਂ ਛੁੱਟੀ ਸ਼ੁਰੂ ਹੋਣ ਦੇ ਪੂਰੇ ਸਮੇਂ ਤੇ ਹੀ ਮੁੱਖ ਦਫਤਰ ਵਿਖੇ ਪ੍ਰਾਪਤ ਹੁੰਦੇ ਹਨ, ਜਿਸ ਕਰਕੇ ਮੁੱਖ ਦਫਤਰ ਵਿਖੇ ਇਨ੍ਹਾਂ ਛੁੱਟੀਆਂ ਸਬੰਧੀ ਕਾਰਵਾਈ ਕਰਨ ਵਿੱਚ ਮੁਸ਼ਕਲ ਪੇਸ਼

7/8/2018

ਆਉਂਦੀ ਹੈ। ਇਸ ਲਈ ਆਪ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਕਰਮਚਾਰੀ ਦੀ ਵਿਦੇਸ਼ ਜਾਣ ਲਈ ਛੁੱਟੀ ਸਬੰਧੀ ਬੇਨਤੀ ਪੱਤਰ ਮੁਕੰਮਲ ਦਸਤਾਵੇਜ਼ਾ ਸਹਿਤ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਵੱਲੋਂ ਛੁੱਟੀ ਸ਼ੁਰੂ ਹੋਣ ਦੇ 15 ਦਿਨ ਪਹਿਲਾਂ ਇਸ ਦਫਤਰ ਵਿਖੇ ਪਹੁੰਚਾਉਣਾ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ ਆਈ.ਸੀ.ਟੀ,ਐਜੂਕੇਸ਼ਨ ਸੁਸਾਇਟੀ
ਪੰਜਾਬ
ਮਿਤੀ: 06.03.2018

ਪਿੱਠ ਅੰਕਣ:- ਉਕਤ-

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਸਕੂਲ ਮੁੱਖੀ।
2. ਸਮੂਹ ਪ੍ਰੋਜੈਕਟ ਕੁਆਰਡੀਨੇਟਰ
3. ਡੀ.ਐਮ (ਐਮ.ਆਈ.ਐਸ) ਨੂੰ ਨੋਟਿਸ ਬੋਰਡ ਤੇ ਪਾਉਣ ਹਿੱਤ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ ਆਈ.ਸੀ.ਟੀ,ਐਜੂਕੇਸ਼ਨ ਸੁਸਾਇਟੀ
ਪੰਜਾਬ

# ਪੰਜਾਬ ਆਈ.ਸੀ.ਟੀ ਐਜੂਕੇਸ਼ਨ ਸੁਸਾਇਟੀ

## (ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਅੰਮ੍ਰਿਤਸਰ)

ਈ ਮੇਲ: deoictasr@gmail.com ਫੋਨ ਨੰਬਰ : 0183-2225897 ਫੈਕਸ 0183-2225896

ਮਿਤੀ : 13-03-2018

ਪਿੱਠ ਅੰਕਣ ਨੰ : ਆਈ.ਸੀ.ਟੀ./2018/ਅੰਮ੍ਰਿਤਸਰ/ 480

ਉਪਰੋਕਤ ਦਾ ਉਤਾਰਾ ਜਿਲ੍ਹੇ ਦੇ ਸਮੂਹ ਪ੍ਰਿੰਸੀਪਲ/ਹੈਡਮਾਸਟਰ ਨੂੰ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਹੁਕਮਾ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਜਿਲ੍ਹਾ ਸਿਖਿਆ ਅਫਸਰ (ਸੈ.ਸਿ)
ਅੰਮ੍ਰਿਤਸਰ